**ਪੰਜਾਬੀ ਯੂਨੀਵਰਸਿਟੀ, ਪਟਿਆਲਾ**
**(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)**
**(ਕਾਲਜ ਸੈਕਸ਼ਨ)**

10133
ਨੰ.........ਕਾਲਜਾਂ/ਸ-2
ਮਿਤੀ..05/9/23..........

ਯੂਨੀਵਰਸਿਟੀ ਨਾਲ ਸਬੰਧਤ
ਸਮੂਹ ਕਾਲਜ ਦੇ ਪ੍ਰਿੰਸੀਪਲ ਸਾਹਿਬਾਨਾਂ ਲਈ

ਵਿਸ਼ਾ:- ਨਾਲ ਨੱਥੀ ਪੱਤਰ ਸਬੰਧੀ ਕੇਵਲ ਸਰਕਾਰੀ ਕਾਲਜਾਂ ਵੱਲੋਂ ਕੀਤੇ ਉਪਰਾਲੇ।
ਹਵਾਲਾ:- Ref No.EFB-PB-FZR027, dated 14.06.2023

ਸ੍ਰੀਮਾਨ/ਸ੍ਰੀਮਤੀ

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਨਾਲ ਨੱਥੀ ਪੱਤਰ ਅਨੁਸਾਰ ਨੇਤਰਹੀਣ ਅਧਿਆਪਕਾਂ ਲਈ ਕੀ ਉਪਰਾਲੇ/ਕਾਰਵਾਈ ਕੀਤੀ ਗਈ ਹੈ ਉਸ ਸਬੰਧੀ ਸੂਚਨਾ ਤੁਰੰਤ ਕਾਲਜ ਸੈਕਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਭੇਜੀ ਜਾਵੇ।

ਸਹਾਇਕ ਰਜਿਸਟਰਾਰ(ਕਾਲਜਾਂ)

Regd. 1586/2016

94173-25729
97797-43443

# PROGRESSIVE FEDERATION FOR THE BLIND

P F B ALL INDIA

Area of Operation : All India

313, Phase III, Model Town,
Bathinda-151005

PUNJAB BRANCH

69, Officer's Colony
Ferozepur City-152002

Ref No. P.F.B.-P.B-FZR 027 Dated 14-6-23.

ਸੇਵਾ ਵਿਖੇ

ਡਾਇਰੈਕਟਰ ਸਮਾਜਿਕ ਸੁੱਰਖਿਆਂ ਇਸਤਰੀ ਅਤੇ ਬਾਲ ਵਿਕਾਸ
ਪੰਜਾਬ ਚੰਡੀਗੜ੍ਹ।

2. ਡਾਇਰੈਕਟਰ ਉਚੇਰੀ ਸਿੱਖਿਆ
ਪੰਜਾਬ ਮੋਹਾਲੀ।

3. ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆਂ
ਪੰਜਾਬ ਚੰਡੀਗੜ੍ਹ

4. ਸ੍ਰੀ ਹਰਜੋਤ ਸਿੰਘ ਬੈਸ ਸਿੱਖਿਆਂ ਮੰਤਰੀ
ਪੰਜਾਬ ਚੰਡੀਗੜ੍ਹ

ਵਿਸ਼ਾ - ਮੈਮੋਰੰਡਮ ਫਾਰ ਬਲਾਈਡ ਕਮਿਓਨਿਟੀ ਕੰਨਸਰਨਡ ਵਿੱਦ ਐਜੂਕੇਸ਼ਨ ਡਿਪਾਰਟਮੇਂਟ
ਬਾਏ ਪੀ.ਐਫ ਬੀ. ਪੰਜਾਬ ਬਰਾਂਚ।

ਸ੍ਰੀਮਾਨ. ਸ੍ਰੀਮਤੀ ਜੀ,

ਬੇਨਤੀ ਹੈ ਕਿ ਉਚੇਰੀ ਸਿੱਖਿਆਂ ਵਿਭਾਗ ਪੰਜਾਬ ਵੱਲੋਂ ਹੇਠ ਲਿਖਿਆਂ ਸਮੱਸਿਆਵਾਂ ਤੇ ਧਿਆਨ ਦੇਣਾ ਅਤਿਅੰਤ ਜਰੂਰੀ ਹੈ । ਕਿਉਂਕਿ ਇਹਨਾਂ ਮੰਗਾ ਦਾ ਸਿੱਧਾ ਸੰਬੰਧ ਨੇਤਰਹੀਣਾ ਦੇ ਪੁਨਰਵਾਸ ਅਤੇ ਵਿਕਾਸ ਨਾਲ ਜੁੜਿਆਂ ਹੋਇਆਂ ਹੈ।

1. ਪੰਜਾਬ ਸਰਕਾਰ ਦੇ ਵੱਖ ਵੱਖ ਕਾਲਜਾਂ ਵਿਚ ਪੜ੍ਹਾਂ ਰਹੇ ਤਿੰਨ ਅਧਿਆਪਕਾ ਨੂੰ ਅਸਿਸਟੇਂਟ ਪ੍ਰੋਫੈਸਰ ਤੋਂ ਐਸੋਸੀਏਟ ਪ੍ਰੋਫੈਸਰ ਦੇ ਲਾਭ ਏ.ਪੀ.ਆਈ. ਸਕੋਰ ਤੇ ਛੋਟ ਦਿੰਦੇ ਹੋਏ ਦੇਣੇ ਬਣਦੇ ਹਨ ਪਰ ਵਿਭਾਗ ਵੱਲੋਂ ਠੰਦੀ ਮੱਠੀ ਕਾਰਵਾਈ ਕਰਕੇ ਐਸੋਸੀਏਟ ਗ੍ਰੇਡ ਦੇਣ ਤੇ ਰੁਕਾਵਟ ਪਾਉਣ ਦਾ

Scanned with CamScanner

ਪਰਿਆਸ ਕੀਤਾ ਜਾ ਰਿਹਾ ਹੈ।ਮੂਲ ਅਰਜੀਆ ਅਤੇ ਮੁਕੰਮਲ ਕੇਸ ਵਿਭਾਗ ਕੋਲ ਪਹਿਲਾਂ ਹੀ ਯੋਗ ਪ੍ਰਣਾਲੀ ਰਾਹੀ ਭੇਜੇ ਗਏ ਹਨ। ਕਿਰਪਾ ਕਰਕੇ ਪੀ. ਡਬਲਯੂ ਡੀ ਐਕਟ ਦੀਆਂ ਭਾਵਨਾਵਾਂ ਦੇ ਮੱਦੇਨਜਰ ਜਿਸ ਵਿਚ ਗਰੰਟੀ ਕੀਤੀ ਗਈ ਹੈ ਕਿ ਨੇਤਰਹੀਣਾ ਦੇ ਸਰਵਪੱਖੀ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹਰ ਸੰਭਵ ਪਰਿਆਸ ਕੀਤੇ ਜਾਣਗੇ। ਏ ਪੀ ਆਈ ਸਕੋਰ ਤੋਂ ਛੋਟ ਦਿੰਦੀਆ ਹੋਈਆਂ ਐਸੋਸੀਏਟ ਗਰੇਡ ਦੇਣ ਦੀ ਖੇਚਲ ਕੀਤੀ ਜਾਵੇ।

ਪ੍ਰੋਮੋਸ਼ਨਾ ਵੇਲੇ ਨੇਤਰਹੀਣਾ ਨੂੰ PWD Act ਅਨੁਸਾਰ ਵਿਭਾਗ ਵਿਚ ਪ੍ਰਿੰਸੀਪਲਾ ਦੀਆ ਦੋ ਅਸਾਮੀਆਂ ਬਣਦੀਆਂ ਹਨ। ਵਿਭਾਗ ਵੱਲੋਂ ਕੇਵਲ ਇੱਕ ਅਸਾਮੀ ਭਰੀ ਗਈ ਹੈ। ਕਿਰਪਾ ਕਰਕੇ ਦੂਸਰੀ ਅਸਾਮੀ ਭਰਨ ਲਈ ਤੁਰੰਤ ਯੋਗ ਕਾਰਵਾਈ ਕੀਤੀ ਜਾਵੇ।

ਸਰਕਾਰੀ ਕਾਲਜਾ ਵਿਚ ਲੰਮੇ ਚਿਰ ਤੋਂ ਤਬਲਾ ਵਾਦਕਾ ਦੀ ਭਰਤੀ ਨਹੀਂ ਹੋਈ। ਇਨਾਂ ਅਸਾਮੀਆਂ ਨੂੰ ਭਰਨ ਦੀ ਕਾਰਵਾਈ ਜਲਦ ਤੋਂ ਜਲਦ ਕੀਤੀ ਜਾਵੇ ਤਾਂ ਜੋ ਬੇਰੁਜ਼ਗਾਰ ਨੇਤਰਹੀਣਾ ਨੂੰ ਉਨਾਂ ਦੀ ਰਿਜਰਵੇਸ਼ਨ ਅਨੁਸਾਰ ਲਾਭ ਮਿਲ ਸਕਣ।

ਉਚੇਰੀ ਸਿੱਖਿਆਂ ਵਿਭਾਗ ਵਿਚ ਦਰਜਾ ਚਾਰ ਦੀਆ ਅਸਾਮੀਆਂ ਦਾ ਰੋਸਟਰ ਮੁਕੰਮਲ ਕਰਕੇ ਨੇਤਰਹੀਣ ਵਿਅਕਤੀਆਂ ਦਾ ਬੈਂਕ ਲਾਗ ਰਿਜਰਵੇਸ਼ਨ ਅਨੁਸਾਰ ਭਰਨ ਦੀ ਖੇਚਲ ਕੀਤੀ ਜਾਵੇ।

ਉਚੇਰੀ ਸਿੱਖਿਆਂ ਵਿਭਾਗ ਵੱਲੋਂ ਪੰਜਾਬ ਦੀਆ ਸਮੂਹ ਯੂਨੀਵਰਸਿਟੀਆਂ ਨੂੰ PWD Act ਦੇ ਮੁਤਾਬਿਕ ਨੇਤਰਹੀਣ ਵਿਅਕਤੀਆਂ ਦੀ ਬਣਦੀ ਜੋਬ ਰਿਜਰਵੇਸ਼ਨ ਪੂਰੀ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ ਅਤੇ ਇਸ ਸੰਬੰਧੀ ਰਿਪੋਰਟ ਮੰਗੀ ਜਾਵੇ।

ਵੱਖ - ਵੱਖ ਕਾਲਜਾ ਵਿਚ ਕੰਮ ਕਰਨ ਵਾਲੇ ਤਬਲਾ ਇੰਨਸਟਰਕਟਰਾਂ ਲਈ ਕੋਈ ਪ੍ਰਮੋਸ਼ਨ ਚੈਨਲ ਨਹੀਂ ਹੈ ਕਿਰਪਾ ਕਰਕੇ ਇਸ ਸੰਬੰਧੀ ਠੋਸ ਯੋਜਨਾ ਨਾਲ ਪ੍ਰੋਮੋਸ਼ਨ ਚੈਨਲ ਬਣਾਇਆ ਜਾਵੇ।

ਨੇਤਰਹੀਣ ਵਿਦਿਆਰਥੀਆਂ ਦੀ ਕਾਲਜ ਅਤੇ ਯੂਨੀਵਰਸਿਟੀਆਂ ਪੱਧਰ ਤੇ ਪੰਜਾਬ ਸਰਕਾਰ ਵੱਲੋਂ ਮੁਫਤ ਸਿੱਖਿਆ ਦੇਣ ਦਾ ਪ੍ਰਬੰਧ ਕਰਨ ਦੀ ਖੇਚਲ ਕੀਤੀ ਜਾਵੇ।

Scanned with CamScanner